**ਬ੍ਰਿਸਟਲ ਸਿਟੀ ਕੌਂਸਲ ਵਾਜਬ ਅਤੇ ਕਿਫਾਇਤੀ ਸੰਭਾਲ ਨੀਤੀ (ਖਰੜਾ)**

**ਸੰਸਕਰਣ.11**

**21 ਜੂਨ 2023**

**ਮਾਨਤਾ ਅਤੇ ਪ੍ਰਵਾਨਗੀ**

ਇਹ ਨੀਤੀ ਡੇਵੋਨ ਕਾਊਂਟੀ ਕੌਂਸਲ ਫੇਅਰ ਐਂਡ ਅਫੋਰਡੇਬਲ ਕੇਅਰ ਪਾਲਿਸੀ ਤੋਂ ਤਿਆਰ ਕੀਤੀ ਗਈ ਸੀ, ਅਤੇ ਬਾਅਦ ਵਿੱਚ ਬ੍ਰਿਸਟਲ ਸਿਟੀ ਕੌਂਸਲ ਬਾਲਗ ਸਮਾਜਿਕ ਸੰਭਾਲ ਬਰਾਬਰਤਾ ਫੋਰਮ ਦੇ ਨਾਲ ਸਹਿ-ਉਤਪਾਦਕ ਤੌਰ ਤੇ ਵਿਕਸਤ ਅਤੇ ਸੋਧੀ ਗਈ ਸੀ

1. **ਪਰਿਚਾ**

1.1 ਬ੍ਰਿਸਟਲ ਸਿਟੀ ਕੌਂਸਲ ਮੰਨਦੀ ਹੈ ਕਿ ਕਈ ਵਾਰ ਬਾਲਗਾਂ ਨੂੰ ਆਤਮ ਨਿਰਭਰਤਾ ਨਾਲ ਜਿਉਣ ਲਈ ਸਹਾਇਤਾ ਦੀ ਲੋੜ ਹੁੰਦੀ ਹੈ। ਸਹਾਇਤਾ ਕਈ ਵੱਖ-ਵੱਖ ਰੂਪਾਂ ਵਿੱਚ ਪ੍ਰਦਾਨ ਕੀਤੀ ਜਾ ਸਕਦੀ ਹੈ, ਅਤੇ ਲੋਕ ਖੁਦ ਜਾਂ ਕੌਂਸਲ ਦੀ ਮਦਦ ਨਾਲ ਇਸ ਦੀ ਪ੍ਰਾਪਤੀ ਕਰ ਸਕਦੇ ਹਨ। ਕੌਂਸਲ ਬਾਲਗਾਂ ਦੀ ਆਤਮ ਨਿਰਭਰਤਾ, ਚੋਣ ਅਤੇ ਉਨ੍ਹਾਂ ਨੂੰ ਪ੍ਰਾਪਤ ਹੋਣ ਵਾਲੀ ਦੇਖਭਾਲ ਅਤੇ ਸਹਾਇਤਾ ਬਾਰੇ ਫੈਸਲੇ ਲੈਣ ਦੀ ਯੋਗਤਾ ਨੂੰ ਉਤਸ਼ਾਹਤ ਕਰਦੀ ਹੈ।

1.2 ਕੇਅਰ ਐਕਟ (2014) ਅਤੇ ਇਸ ਦਾ ਕਾਨੂੰਨੀ ਮਾਰਗਦਰਸ਼ਨ ਸਥਾਨਕ ਅਥਾਰਟੀਆਂ ਦੇ ਫਰਜ਼ਾਂ ਨੂੰ ਨਿਰਧਾਰਤ ਕਰਦਾ ਹੈ ਕਿ ਉਹ ਕਿਸੇ ਵੀ ਅਜਿਹੇ ਵਿਅਕਤੀ ਨੂੰ ਮੁਲਾਂਕਣ ਦੀ ਪੇਸ਼ਕਸ਼ ਕਰਨ ਜਿਸਨੂੰ ਦੇਖਭਾਲ ਅਤੇ ਸਹਾਇਤਾ ਦੀ ਲੋੜ ਜਾਪਦੀ ਹੈ। ਇਸ ਨੂੰ ਆਮ ਤੌਰ 'ਤੇ ਕੇਅਰ ਐਕਟ ਅਸੈਸਮੈਂਟ ਕਿਹਾ ਜਾਂਦਾ ਹੈ। ਕੌਂਸਲਾਂ ਨੂੰ ਇਹ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਮੁਲਾਂਕਣ ਵਿੱਚ ਪਛਾਣੀਆਂ ਗਈਆਂ ਕਿਸੇ ਵੀ ਯੋਗ ਲੋੜਾਂ ਨੂੰ ਪੂਰਾ ਕੀਤਾ ਜਾਂਦਾ ਹੈ।

1.3 ਬ੍ਰਿਸਟਲ ਸਿਟੀ ਕੌਂਸਲ ਵਿਅਕਤੀਆਂ ਨਾਲ ਕੰਮ ਕਰਨ ਲਈ ਵਚਨਬੱਧ ਹੈ ਤਾਂ ਜੋ ਉਨ੍ਹਾਂ ਲੋੜਾਂ ਨੂੰ ਕਿਵੇਂ ਪੂਰਾ ਕੀਤਾ ਜਾਂਦਾ ਹੈ ਇਸ ਦੀ ਚੋਣ ਅਤੇ ਇਸ ਦੇ ਨਿਯੰਤਰਣ ਨੂੰ ਉਤਸ਼ਾਹਤ ਕੀਤਾ ਜਾ ਸਕੇ। ਬੰਦੇ ਦੇ ਵਿਚਾਰ ਫੈਸਲੇ ਲੈਣ ਦੇ ਕੇਂਦਰ ਵਿੱਚ ਹੋਣੇ ਚਾਹੀਦੇ ਹਨ। ਇਸ ਵਿੱਚ ਕਿਸੇ ਵਕੀਲ ਦਾ ਪ੍ਰਬੰਧ ਕਰਨਾ ਸ਼ਾਮਲ ਹੋ ਸਕਦਾ ਹੈ ਜੇ ਬੰਦਾ ਇਸ ਦਾ ਹੱਕਦਾਰ ਹੈ।

1.4 ਕੇਅਰ ਐਕਟ ਵਿਧਾਨਕ ਮਾਰਗਦਰਸ਼ਨ ਇਹ ਵੀ ਕਹਿੰਦਾ ਹੈ ਕਿ ਲੋਕਾਂ ਦੀਆਂ ਯੋਗ ਜ਼ਰੂਰਤਾਂ ਨੂੰ ਕਿਵੇਂ ਪੂਰਾ ਕਰਨਾ ਹੈ, ਇਹ ਫੈਸਲਾ ਕਰਦੇ ਸਮੇਂ, ਕੌਂਸਲਾਂ ਨੂੰ ਇਹ ਵੀ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਉਨ੍ਹਾਂ ਸਾਰਿਆਂ ਨਾਗਰਿਕਾਂ ਦੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਲੋੜੀਂਦੇ ਸਰੋਤ ਉਪਲਬਧ ਹਨ ਜਿਨ੍ਹਾਂ ਨੂੰ ਦੇਖਭਾਲ ਅਤੇ ਸਹਾਰੇ ਦੀ ਜ਼ਰੂਰਤ ਹੋ ਸਕਦੀ ਹੈ।

1.5 ਇਸ ਪੇਪਰ ਦਾ ਬਾਕੀ ਦਾ ਹਿੱਸਾ ਵਰਣਨ ਕਰੇਗਾ ਕਿ ਬ੍ਰਿਸਟਲ ਸਿਟੀ ਕੌਂਸਲ ਬਾਲਗ ਸਮਾਜਿਕ ਸੰਭਾਲ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰਦੇ ਹੋਏ ਸੇਵਾਵਾਂ ਕਿਵੇਂ ਪ੍ਰਦਾਨ ਕਰੇਗੀ ਕਿ ਸਮੁੱਚੀ ਸਥਾਨਕ ਆਬਾਦੀ ਲਈ ਲੋੜੀਂਦੇ ਸਰੋਤ ਉਪਲਬਧ ਹਨ।

**2. ਇਹ ਨੀਤੀ ਕਿਨ੍ਹਾਂ ਲੋਕਾਂ ਨੂੰ ਕਵਰ ਕਰਦੀ ਹੈ?**

2.1 ਇਹ ਨੀਤੀ ਬ੍ਰਿਸਟਲ ਵਿੱਚ ਰਹਿਣ ਵਾਲੇ ਕਿਸੇ ਵੀ ਅਜਿਹੇ ਵਿਅਕਤੀ ਨੂੰ ਕਵਰ ਕਰਦੀ ਹੈ ਜੋ 18 ਸਾਲ ਤੋਂ ਵੱਧ ਉਮਰ ਦਾ ਹੈ ਅਤੇ ਉਸਦੀਆਂ ਉਹ ਲੋੜਾਂ ਹਨ ਜੋ ਬ੍ਰਿਸਟਲ ਸਿਟੀ ਕੌਂਸਲ ਨੂੰ ਪੂਰੀਆਂ ਕਰਨੀਆਂ ਪੈਂਦੀਆਂ ਹਨ, ਜਿਵੇਂ ਕਿ ਕੇਅਰ ਐਕਟ (2014) ਦੁਆਰਾ ਦਰਸਾਇਆ ਗਿਆ ਹੈ।

2.2 ਇਹ ਨੀਤੀ ਅਜਿਹੀ ਕਿਸੇ ਵੀ ਸਥਿਤੀ ਨੂੰ ਕਵਰ ਕਰੇਗੀ ਜਿੱਥੇ ਬਾਲਗ ਸਮਾਜਿਕ ਸੰਭਾਲ ਵਾਲਿਆਂ ਨੂੰ ਇਸ ਗੱਲ 'ਤੇ ਵਿਚਾਰ ਕਰਨਾ ਚਾਹੀਦਾ ਹੈ ਕਿ ਕਿਸੇ ਬੰਦੇ ਦੀਆਂ ਯੋਗ ਲੋੜਾਂ ਨੂੰ ਪੂਰਾ ਕਰਨ ਲਈ ਕਿਹੜੀ ਸਹਾਇਤਾ ਦੀ ਲੋੜ ਹੈ।

2.3 ਇਹ ਨੀਤੀ ਨਵੇਂ ਮੁਲਾਂਕਣਾਂ ਅਤੇ ਸਮੀਖਿਆਵਾਂ ਦੋਵਾਂ ਨੂੰ ਕਵਰ ਕਰੇਗੀ। ਇਸ ਵਿੱਚ ਉਹ ਮਾਮਲੇ ਵੀ ਸ਼ਾਮਲ ਹੋਣਗੇ ਜਿੱਥੇ ਲੋਕਾਂ ਨੂੰ ਡਿਰੈਕਟ ਭੁਗਤਾਨ ਹੁੰਦਾ ਹੈ।

2.4 ਇਹ ਨੀਤੀ ਉਨ੍ਹਾਂ ਨੌਜਵਾਨਾਂ ਨੂੰ ਕਵਰ ਕਰੇਗੀ ਜੋ ਬਾਲ ਸੇਵਾਵਾਂ ਤੋਂ ਬਾਲਗ ਸੇਵਾਵਾਂ ਵੱਲ ਜਾ ਰਹੇ ਹਨ।

2.5 ਇਹ ਨੀਤੀ ਉਨ੍ਹਾਂ ਲੋਕਾਂ ਨੂੰ ਕਵਰ ਨਹੀਂ ਕਰਦੀ ਜੋ NHS ਕੰਟੀਨੂਇੰਗ ਹੈਲਥ ਕੇਅਰ ਰਾਹੀਂ ਸੇਵਾਵਾਂ ਪ੍ਰਾਪਤ ਕਰਦੇ ਹਨ।

**3. ਨੀਤੀ - ਕੌਂਸਲ ਕੀ ਕਰੇਗੀ?**

3.1 ਬਾਲਗ ਸਮਾਜਿਕ ਸੰਭਾਲ ਵਾਲਿਆਂ ਨੂੰ ਕਿਸੇ ਵੀ ਅਜਿਹੇ ਬੰਦੇ ਨੂੰ ਮੁਲਾਂਕਣ ਦੀ ਪੇਸ਼ਕਸ਼ ਕਰਨੀ ਪੈਂਦੀ ਹੈ ਜਿਸ ਨੂੰ ਦੇਖਭਾਲ ਅਤੇ ਸਹਾਇਤਾ ਦੀਆਂ ਲੋੜਾਂ ਜਾਪਦੀਆਂ ਹਨ। ਜੇ ਵਿਅਕਤੀ ਯੋਗਤਾ ਦੇ ਮਾਪਦੰਡਾਂ ਨੂੰ ਪੂਰਾ ਕਰਦਾ ਹੈ, ਤਾਂ ਬਾਲਗ ਸਮਾਜਿਕ ਸੰਭਾਲ ਨੂੰ ਲਾਜ਼ਮੀ ਤੌਰ 'ਤੇ ਉਨ੍ਹਾਂ ਸਾਰੀਆਂ ਲੋੜਾਂ ਨੂੰ ਪੂਰਾ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਜਿਨ੍ਹਾਂ ਬਾਰੇ ਵਿਅਕਤੀ ਨਾਲ ਸਹਿਮਤੀ ਕੀਤੀ ਗਈ ਹੁੰਦੀ ਹੈ।

3.2 ਬਾਲਗ ਸਮਾਜਿਕ ਸੰਭਾਲ ਵਾਲਿਆਂ ਤੋਂ ਸੇਵਾ ਪ੍ਰਾਪਤ ਕਰਨ ਲਈ, ਬੰਦੇ ਨੂੰ ਇਸ ਲਈ 'ਯੋਗ' ਹੋਣਾ ਲਾਜ਼ਮੀ ਹੈ। ਇਹ ਫੈਸਲਾ ਕਰਨ ਲਈ ਕਿ ਬੰਦਾ ਯੋਗ ਹੈ, ਕੌਂਸਲਾਂ ਰਾਸ਼ਟਰੀ 'ਯੋਗਤਾ ਮਾਪਦੰਡਾਂ' ਦੀ ਵਰਤੋਂ ਕਰਦੀਆਂ ਹਨ, ਜੋ ਕੇਅਰ ਐਕਟ (2014) ਵਿੱਚ ਨਿਰਧਾਰਤ ਕੀਤੇ ਗਏ ਹਨ। ਯੋਗ ਲੋੜਾਂ ਪ੍ਰਾਪਤ ਕਰਨ ਲਈ ਬੰਦੇ ਦੇ ਸਬੰਧ ਵਿੱਚ ਇਹ ਸਤਿਥੀਆਂ ਲਾਗੂ ਹੋਣੀਆ ਲਾਜ਼ਮੀ ਹਨ:

- 'ਸਰੀਰਕ ਜਾਂ ਮਾਨਸਿਕ ਕਮਜ਼ੋਰੀ' ਹੋਣੀ,
- ਬਹੁਤ ਸਾਰੇ ਕੰਮਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋਣਾ (ਜਿਵੇਂ ਕਿ ਧੁਲਾਈ, ਕੱਪੜੇ ਪਹਿਨਣਾ, ਆਪਣੇ ਘਰ ਦੀ ਦੇਖਭਾਲ ਕਰਨਾ), ਅਤੇ
- ਇਨ੍ਹਾਂ ਕੰਮਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੋਣ ਦੇ ਨਤੀਜੇ ਵਜੋਂ ਬੰਦੇ ਦੀ ਤੰਦਰੁਸਤੀ 'ਤੇ ਮਹੱਤਵਪੂਰਨ ਪ੍ਰਭਾਵ ਪੈਣਾ।

ਯੋਗਤਾ ਮਾਪਦੰਡਾਂ ਦੇ ਵਧੇਰੇ ਵੇਰਵੇ ਕੇਅਰ ਐਕਟ ਕਾਨੂੰਨੀ ਮਾਰਗਦਰਸ਼ਨ ਵਿੱਚ ਲੱਭੇ ਜਾ ਸਕਦੇ ਹਨ। (ਅਪੈਂਡਿਕਸ ਦੇਖੋ)

3.3 ਬਾਲਗ ਸਮਾਜਿਕ ਸੰਭਾਲ ਲੋਕਾਂ ਨੂੰ ਇਹ ਵਿਚਾਰਨ ਵਿੱਚ ਮਦਦ ਕਰੇਗੀ ਕਿ ਉਹ ਆਪਣੇ ਲਈ ਕੀ ਕਰ ਸਕਦੇ ਹਨ, ਅਤੇ ਉਨ੍ਹਾਂ ਦੇ ਪਰਿਵਾਰ, ਦੋਸਤਾਂ ਲਈ ਅਤੇ ਉਸ ਇਲਾਕੇ ਦੇ ਅੰਦਰ ਕੀ ਸਹਾਇਤਾ ਉਪਲਬਧ ਹੋ ਸਕਦੀ ਹੈ ਜਿੱਥੇ ਉਹ ਰਹਿੰਦੇ ਹਨ।

3.4 ਬਾਲਗ ਸਮਾਜਿਕ ਸੰਭਾਲ ਦੁਆਰਾ ਪ੍ਰਦਾਨ ਕੀਤੀ ਗਈ ਕਿਸੇ ਵੀ ਸਹਾਇਤਾ ਦਾ ਮੁੱਢਲਾ ਉਦੇਸ਼ ਕਿਸੇ ਵਿਅਕਤੀ ਦੁਆਰਾ ਦੇਖਭਾਲ ਅਤੇ ਸਹਾਇਤਾ ਦੀ ਲੋੜ ਪੈਣ ਨੂੰ ਰੋਕਣਾ, ਇਸ ਵਿੱਚ ਦੇਰੀ ਪੈਦਾ ਕਰਨਾ ਅਤੇ ਇਸ ਨੂੰ ਘਟਾਉਣਾ ਅਤੇ ਲੋਕਾਂ ਨੂੰ ਆਪਣੇ ਘਰਾਂ ਅਤੇ ਕਮਿਊਨਿਟੀਆਂ ਵਿੱਚ ਆਤਮ ਨਿਰਭਰ ਤੌਰ 'ਤੇ ਰਹਿਣ ਦੇ ਯੋਗ ਬਣਾਉਣਾ ਹੈ ਜਿੰਨਾ ਚਿਰ ਵੀ ਉਹ ਅਜਿਹਾ ਕਰ ਸਕਣ।

3.5 ਕਿਸੇ ਨਾਗਰਿਕ ਵਾਸਤੇ ਮੁਲਾਂਕਣ ਜਾਂ ਮੁੜ-ਮੁਲਾਂਕਣ ਕਰਦੇ ਸਮੇਂ, ਬਾਲਗ ਸਮਾਜਿਕ ਸੰਭਾਲ ਇਹ ਸੁਨਿਸ਼ਚਿਤ ਕਰੇਗੀ ਕਿ ਇੱਕ ਵਕੀਲ ਅਜਿਹੇ ਕਿਸੇ ਵੀ ਅਜਿਹੇ ਬੰਦੇ ਨੂੰ ਦਿੱਤਾ ਜਾਵੇ ਜੋ ਇਸ ਸਹਾਇਤਾ ਵਾਸਤੇ ਯੋਗ ਹੈ। ਇਸ ਵਿੱਚ ਇੱਕ ਸੰਭਾਲ ਐਕਟ ਵਕੀਲ, ਜਾਂ ਇੱਕ ਨਿਰਪੱਖ ਮਾਨਸਿਕ ਸਮਰੱਥਾ ਵਕੀਲ (IMCA) ਸ਼ਾਮਲ ਹੋ ਸਕਦਾ ਹੈ। ਉਨ੍ਹਾਂ ਵਿਅਕਤੀਆਂ ਵਾਸਤੇ ਹੋਰ ਵਕਾਲਤੀ ਸੇਵਾਵਾਂ ਵੀ ਉਪਲਬਧ ਹਨ ਜੋ ਬਾਲਗ ਸਮਾਜਿਕ ਸੰਭਾਲ ਸੇਵਾਵਾਂ ਬਾਰੇ ਸ਼ਿਕਾਇਤ ਕਰਨਾ ਚਾਹੁੰਦੇ ਹਨ। (ਅਪੈਂਡਿਕਸ ਦੇਖੋ)

3.6 ਬਾਲਗ ਸਮਾਜਿਕ ਸੰਭਾਲ ਹਮੇਸ਼ਾਂ ਬੰਦੇ ਨਾਲ ਇੱਕ ਸਮਝੌਤੇ 'ਤੇ ਪਹੁੰਚਣ ਦੀ ਕੋਸ਼ਿਸ਼ ਕਰੇਗੀ, ਇਸ ਬਾਰੇ ਕਿ ਉਨ੍ਹਾਂ ਦੀਆਂ ਲੋੜਾਂ ਅਤੇ ਉਨ੍ਹਾਂ ਲਈ ਨਤੀਜੇ ਕਿਵੇਂ ਪੂਰੇ ਕੀਤੇ ਜਾਣਗੇ।

3.7 ਕਾਨੂੰਨੀ ਮਾਰਗਦਰਸ਼ਨ ਦੇ ਕਾਰਨ, ਬਾਲਗ ਸਮਾਜਿਕ ਸੰਭਾਲ ਨੂੰ ਇਹ ਯਕੀਨੀ ਬਣਾਉਣਾ ਪੈਂਦਾ ਹੈ ਕਿ ਸੇਵਾਵਾਂ 'ਸਭ ਤੋਂ ਵਧੀਆ ਮੁੱਲ' 'ਤੇ ਲੋੜੀਂਦੇ ਨਤੀਜੇ ਪ੍ਰਦਾਨ ਕਰਦੀਆਂ ਹਨ। ਇਸਦਾ ਮਤਲਬ ਇਹ ਹੈ ਕਿ ਜ਼ਿਆਦਾਤਰ ਮਾਮਲਿਆਂ ਵਿੱਚ ਬਾਲਗ ਸਮਾਜਿਕ ਸੰਭਾਲ ਯੋਗ ਲੋੜਾਂ ਨੂੰ ਪੂਰਾ ਕਰਨ ਲਈ ਅਜਿਹੀਆਂ ਸੇਵਾਵਾਂ ਪ੍ਰਦਾਨ ਕਰੇਗੀ ਜੋ ਸਭ ਤੋਂ ਵੱਧ ਲਾਗਤ-ਪ੍ਰਭਾਵਸ਼ਾਲੀ ਹਨ। ਕੁਝ ਮਾਮਲਿਆਂ ਵਿੱਚ ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਕੌਂਸਲ ਦੁਆਰਾ ਪੇਸ਼ ਕੀਤੀ ਗਈ ਸੇਵਾ ਉਹ ਹੋਵੇ ਜਿਸ ਨੂੰ ਯੋਗ ਲੋੜਾਂ ਵਾਲੇ ਬੰਦੇ ਦੁਆਰਾ ਤਰਜੀਹ ਨਹੀਂ ਦਿੱਤੀ ਜਾਂਦੀ। (ਅਪੈਂਡਿਕਸ ਦੇਖੋ।)

3.8 ਬਹੁਤ ਸਾਰੇ ਮਾਮਲਿਆਂ ਵਿੱਚ ਅਸੀਂ ਇਸ ਚੀਜ਼ ਨੂੰ ਮਾਨਤਾ ਦਿੰਦੇ ਹਾਂ ਕਿ ਬੰਦੇ ਦੀਆਂ ਦੇਖਭਾਲ ਦੀਆਂ ਲੋੜਾਂ ਨੂੰ ਪੂਰਾ ਕਰਨ ਦਾ ਸਭ ਤੋਂ ਲਾਗਤ-ਪ੍ਰਭਾਵਸ਼ਾਲੀ ਤਰੀਕਾ ਉਸ ਨੂੰ ਢੁੱਕਵੀਂ ਸਹਾਰੇ ਨਾਲ ਘਰ ਵਿੱਚ ਰਹਿਣ ਵਿੱਚ ਸਹਾਇਤਾ ਕਰਨਾ ਹੈ। ਜਿੱਥੇ ਨਾਗਰਿਕ ਘਰ 'ਤੇ ਰਹਿਣ ਨੂੰ ਤਰਜੀਹ ਦਿੰਦਾ ਹੈ, ਕੌਂਸਲ ਦਾ ਉਦੇਸ਼ ਲਾਗਤ-ਪ੍ਰਭਾਵਸ਼ਾਲੀ ਉਪਾਵਾਂ ਦੀ ਵਰਤੋਂ ਕਰਦਿਆਂ ਅਜਿਹਾ ਕਰਨ ਵਿੱਚ ਉਨ੍ਹਾਂ ਦੀ ਸਹਾਇਤਾ ਕਰਨਾ ਹੋਵੇਗਾ ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਇੱਕ ਡਿਰੈਕਟ ਭੁਗਤਾਨ ਜਿਸਦੀ ਵਰਤੋਂ ਇੱਕ ਕਮਿਸ਼ਨ ਕੀਤੀ ਘਰ ਦੇ ਵਿੱਚ ਦੀ ਸੰਭਾਲ ਸੇਵਾ ਦੀ ਬਜਾਏ ਇੱਕ ਨਿੱਜੀ ਸਹਾਇਕ (ਪੀਏ) ਦੀ ਨਿਯੁਕਤੀ ਕਰਨ ਲਈ ਕੀਤੀ ਜਾ ਸਕਦੀ ਹੈ।
- ਵਿਸਿਸ਼ਟ ਉਪਕਰਣ (ਜਿਵੇਂ ਕਿ ਛੱਤ ਤੋਂ ਲੱਗਿਆ ਟਰੈਕ ਹੋਇਸਟ) ਜੋ ਬੰਦੇ ਨੂੰ ਧੁਲਾਈ ਜਾਂ ਕੱਪੜੇ ਪਹਿਨਣ ਵਿੱਚ ਮਦਦ ਕਰਨ ਲਈ ਲੋੜੀਂਦੇ ਸੰਭਾਲ ਕਰਤਾਵਾਂ ਦੀ ਗਿਣਤੀ ਨੂੰ ਘਟਾਉਂਦਾ ਹੈ।
- ਵਿਸਿਸ਼ਟ ਤਕਨਾਲੋਜੀ (ਜਿਵੇਂ ਕਿ ਕਲਾਈ 'ਤੇ ਲੱਗਿਆ ਸੈਂਸਰ ਜਾਂ ਕੇਅਰ ਲਾਈਨ), ਜੋ ਬੰਦੇ ਨੂੰ ਦਿਨ ਜਾਂ ਰਾਤ ਦੌਰਾਨ ਲੋੜੀਂਦੀਆਂ ਦੇਖਭਾਲ ਸਬੰਧੀ ਫੇਰੀਆਂ ਦੀ ਗਿਣਤੀ ਅਤੇ/ਜਾਂ ਲੰਬਾਈ ਨੂੰ ਘਟਾਉਂਦੀ ਹੈ।

*ਧਿਆਨ ਦਿਉ, ਇਹ ਸੰਭਾਵਿਤ ਵਿਕਲਪਾਂ ਦੀ ਇੱਕ ਸੁਝਾਅ ਦਿੱਤੀ ਸੂਚੀ ਹੈ ਜੋ ਕਿਸੇ ਲਈ ਆਪਣੇ ਘਰ ਵਿੱਚ ਸਹਾਰੇ ਲਈ ਹੈ ਅਤੇ ਇਹ ਕੋਈ ਸੰਪੂਰਨ ਸੂਚੀ ਨਹੀਂ ਹੈ।*

3.8 ਹਾਲਾਂਕਿ, ਜਿੱਥੇ ਘਰ ਵਿੱਚ ਰਹਿਣ ਦਾ ਸੰਭਾਲ ਪੈਕੇਜ ਰਿਹਾਇਸ਼ੀ ਦੇਖਭਾਲ ਲਈ ਖਰਚਾ ਕਰਨ ਦੀ ਸਮਰੱਥਾ ਤੋਂ ਕਾਫ਼ੀ ਜ਼ਿਆਦਾ ਹੋਵੇਗਾ, ਕੌਂਸਲ ਨੂੰ ਹੋਰ ਲਾਗਤ-ਪ੍ਰਭਾਵਸ਼ਾਲੀ ਵਿਕਲਪਾਂ 'ਤੇ ਵਿਚਾਰ ਕਰਨ ਦੀ ਲੋੜ ਹੋਵੇਗੀ ਜਿਸ ਵਿੱਚ ਸ਼ਾਮਲ ਹੋ ਸਕਦੇ ਹਨ:

- ਰਿਹਾਇਸ਼ੀ ਜਾਂ ਨਰਸਿੰਗ ਹੋਮ ਪਲੇਸਮੈਂਟ ਦੀ ਪੇਸ਼ਕਸ਼ ਕਰਨਾ ਜੋ ਸਥਾਨਕ ਅਥਾਰਟੀ ਦੀ ਦਰ (ਜਿਸਨੂੰ 'ਬ੍ਰਿਸਟਲ ਰੇਟ' ਵੀ ਕਿਹਾ ਜਾਂਦਾ ਹੈ) ਨੂੰ ਸਵੀਕਾਰ ਕਰਦਾ ਹੈ ਨਾ ਕਿ ਉਸ ਘਰ ਵਿੱਚ ਜਿੱਥੇ ਫੀਸਾਂ ਜ਼ਿਆਦਾ ਮਹਿੰਗੀਆਂ ਹੋਣ।
- ਘਰ ਵਿੱਚ 24 ਘੰਟੇ ਤਨਖਾਹਸ਼ੁਦਾ ਸੰਭਾਲ ਪ੍ਰਦਾਨ ਕਰਨ ਦੇ ਵਿਕਲਪ ਵਜੋਂ ਰਿਹਾਇਸ਼-ਅਧਾਰਤ ਸਹਾਇਤਾ ਦੀ ਪੇਸ਼ਕਸ਼ ਕਰਨਾ ਜਿਵੇਂ ਕਿ ਰਹਿਣ ਵਾਲੀ ਸਮਰਥਿਤ ਰਿਹਾਇਸ਼, ਵਾਧੂ ਸੰਭਾਲ ਵਾਲੀ ਰਿਹਾਇਸ਼ ਜਾਂ ਰਿਹਾਇਸ਼ੀ ਕੇਅਰ ਹੋਮ। (ਅਪੈਂਡਿਕਸ ਦੇਖੋ)।

3.9 ਇਹ ਇੱਕ ਵਿਆਪਕ ਨੀਤੀ ਨਹੀਂ ਹੈ ਅਤੇ ਹਾਲਾਂਕਿ ਅਪਵਾਦ ਦੁਰਲੱਭ ਹੋਣ ਦੀ ਸੰਭਾਵਨਾ ਹੈ, ਹਰੇਕ ਬੰਦੇ ਦੀ ਸਥਿਤੀ ਨੂੰ ਵਿਅਕਤੀਗਤ ਤੌਰ 'ਤੇ ਦੇਖਿਆ ਜਾਵੇਗਾ। ਅਜਿਹਾ ਕੋਈ ਨਿਯਮ ਨਹੀਂ ਹੈ ਜੋ ਨਿੱਜੀ ਬਜਟ ਦੇ ਪੱਧਰ 'ਤੇ ਉਪਰਲੀ ਸੀਮਾ ਨਿਰਧਾਰਤ ਕਰਦਾ ਹੈ।

3.10 ਬਾਲਗ ਸਮਾਜਿਕ ਸੰਭਾਲ ਨੂੰ ਲਾਜ਼ਮੀ ਇਹ ਦਿਖਾਉਣਾ ਚਾਹੀਦਾ ਹੈ ਕਿ ਪ੍ਰਸਤਾਵਿਤ ਸੇਵਾ ਬੰਦੇ ਦੀਆਂ ਲੋੜਾਂ ਨੂੰ ਕਿਵੇਂ ਪੂਰਾ ਕਰੇਗੀ ਅਤੇ ਉਸ ਦੀ ਤੰਦਰੁਸਤੀ ਨੂੰ ਕਿਵੇਂ ਉਤਸ਼ਾਹਤ ਕਰੇਗੀ। ਉਨ੍ਹਾਂ ਨੂੰ ਇਹ ਵੀ ਯਕੀਨੀ ਬਣਾਉਣ ਦੀ ਲੋੜ ਹੁੰਦੀ ਹੈ ਕਿ ਲੋੜਾਂ ਨੂੰ ਪੂਰਾ ਕਰਨ ਦੀ ਕੋਈ ਵੀ ਪੇਸ਼ਕਸ਼ ਬੰਦੇ ਦੇ ਮਨੁੱਖੀ ਅਧਿਕਾਰਾਂ 'ਤੇ ਅਸਰ ਨਹੀਂ ਪਾਵੇਗੀ, ਜਿਵੇਂ ਕਿ ਉਨ੍ਹਾਂ ਨੂੰ ਮਨੁੱਖੀ ਅਧਿਕਾਰ ਐਕਟ (1998) ਵਿੱਚ ਨਿਰਧਾਰਤ ਕੀਤਾ ਗਿਆ ਹੈ।

3.11 ਜੇ ਬੰਦਾ ਬਾਲਗ ਸਮਾਜਿਕ ਸੰਭਾਲ ਦੇ ਪ੍ਰਸਤਾਵ ਨਾਲ ਸਹਿਮਤ ਨਾ ਹੋਵੇ, ਤਾਂ ਉਹ ਕੌਂਸਲ ਦੀ ਕਾਨੂੰਨੀ ਸ਼ਿਕਾਇਤ ਪ੍ਰਕਿਰਿਆ ਦੀ ਵਰਤੋਂ ਕਰਕੇ ਫੈਸਲੇ ਦੀ ਸਮੀਖਿਆ ਕਰਨ ਲਈ ਮੰਗ ਕਰ ਸਕਦਾ ਹੈ। (ਅਪੈਂਡਿਕਸ ਦੇਖੋ)।

3.12 ਜੇ ਬੰਦੇ ਅਤੇ ਬਾਲਗ ਸਮਾਜਿਕ ਸੰਭਾਲ ਵਿਚਕਾਰ ਕੋਈ ਸਮਝੌਤਾ ਨਹੀਂ ਹੁੰਦਾ, ਤਾਂ ਕੌਂਸਲ ਪਛਾਣੇ ਗਏ ਲਾਗਤ-ਪ੍ਰਭਾਵਸ਼ਾਲੀ ਵਿਕਲਪ ਦੀ ਰਕਮ ਤੱਕ ਡਿਰੈਕਟ ਭੁਗਤਾਨ ਦੇ ਰੂਪ ਵਿੱਚ ਨਿੱਜੀ ਬਜਟ ਦੀ ਪੇਸ਼ਕਸ਼ ਕਰ ਸਕਦੀ ਹੈ। ਫਿਰ ਬੰਦਾ ਆਪਣੀਆਂ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਇਸ ਬਜਟ ਦੀ ਲਚਕਦਾਰ ਵਰਤੋਂ ਕਰ ਸਕਦਾ ਹੈ, ਜਾਂ ਉਹ (ਜਾਂ ਕੋਈ ਪਰਿਵਾਰਕ ਮੈਂਬਰ ਜਾਂ ਦੋਸਤ) ਅੰਤਰ ਦਾ ਭੁਗਤਾਨ ਕਰਨ ਲਈ ਆਪਣੇ ਪੈਸੇ ਦੀ ਵਰਤੋਂ ਕਰਨ ਦੀ ਚੋਣ ਕਰ ਸਕਦੇ ਹਨ ਤਾਂ ਜੋ ਉਹ ਆਪਣੀ ਪਸੰਦੀਦਾ ਸੇਵਾ ਨੂੰ ਚਾਲੂ ਕਰਨ ਦੇ ਯੋਗ ਹੋ ਸਕਣ। ਇਸ ਨੂੰ ਕਈ ਵਾਰ 'ਟਾਪ ਅੱਪ' ਵੀ ਕਿਹਾ ਜਾਂਦਾ ਹੈ।

## 4. ਇਸ ਨੀਤੀ ਨੂੰ ਫਿਰ ਤੋਂ ਵੇਖਣਾ

4.1 ਇਹ ਬਹੁਤ ਮਹੱਤਵਪੂਰਨ ਹੈ ਕਿ ਇਹ ਨੀਤੀ ਲੋਕਾਂ ਨੂੰ ਗੈਰ ਵਾਜਬ ਤਰੀਕੇ ਨਾਲ ਪ੍ਰਭਾਵਿਤ ਨਾ ਕਰੇ। ਬ੍ਰਿਸਟਲ ਸਿਟੀ ਕੌਂਸਲ ਸਾਲ ਵਿੱਚ ਘੱਟੋ ਘੱਟ ਇੱਕ ਵਾਰ ਇਸ ਨੀਤੀ ਦੀ ਸਮੀਖਿਆ ਕਰੇਗੀ। ਜਦੋਂ ਇਸ ਨੂੰ ਦੇਖਿਆ ਜਾਂਦਾ ਹੈ, ਤਾਂ ਸਮੀਖਿਆਕਰਤਾ ਉਨ੍ਹਾਂ ਸਮੂਹਾਂ ਅਤੇ ਵਿਅਕਤੀਆਂ ਨਾਲ ਗੱਲ ਕਰਨਗੇ ਜੋ ਨੀਤੀ ਤੋਂ ਪ੍ਰਭਾਵਿਤ ਹੁੰਦੇ ਹਨ।

## 5. ਅਪੈਂਡਿਕਸ

ਵਕਾਲਤ - ਸ਼ਿਕਾਇਤ ਪ੍ਰਕਿਰਿਆ ਵਕਾਲਤ – ਦ ਕੇਅਰ ਫੋਰਮ - ਵਕਾਲਤ

ਬ੍ਰਿਸਟਲ ਸਿਟੀ ਕੌਂਸਲ ਬਜ਼ੁਰਗ ਅਤੇ ਕਮਜ਼ੋਰ ਲੋਕਾਂ ਲਈ ਰਿਹਾਇਸ਼ੀ ਵਿਕਲਪ (bristol.gov.uk)

ਕਮਿਊਨਿਟੀਆਂ ਅਤੇ ਸਥਾਨਕ ਸਰਕਾਰਾਂ ਲਈ ਵਿਭਾਗ - ਸੋਧਿਆ ਹੋਇਆ ਸਰਬੋਤਮ ਮੁੱਲ ਕਾਨੂੰਨੀ ਮਾਰਗਦਰਸ਼ਨ

ਸਿਰਲੇਖ (publishing.service.gov.uk)

ਦੇਖਭਾਲ ਅਤੇ ਸਹਾਇਤਾ ਲਈ ਕਾਨੂੰਨੀ ਮਾਰਗਦਰਸ਼ਨ-

ਸੰਭਾਲ ਅਤੇ ਸਹਾਇਤਾ ਲਈ ਕਾਨੂੰਨੀ ਮਾਰਗਦਰਸ਼ਨ - GOV.UK (www.gov.uk)

ਸ਼ਿਕਾਇਤਾਂ ਦੀ ਪ੍ਰਕਿਰਿਆ- ਬਾਲਗ ਸਮਾਜਿਕ ਸੰਭਾਲ ਕਾਨੂੰਨੀ ਸ਼ਿਕਾਇਤ ਪ੍ਰਕਿਰਿਆ

ਬਾਲਗ ਸਮਾਜਿਕ ਸੰਭਾਲ (bristol.gov.uk)

ਹੋਮ - ਸਥਾਨਕ ਸਰਕਾਰ ਅਤੇ ਸਮਾਜਿਕ ਸੰਭਾਲ ਲੋਕਪਾਲ